ਰਿਪੇਅਰ ਆਦਿ ਸਬੰਧਤ ਅਫਸਰ ਦੇ ਧਿਆਨ ਵਿੱਚ ਲਿਆ ਕੇ ਕਰਵਾਈ ਜਾ ਸਕਦੀ ਹੈ। ਜੇਕਰ ਕਿਸੇ ਕੰਮ ਵਾਲੇ ਦਿਨ ਗੱਡੀ ਵਿੱਚ ਕੋਈ ਖਰਾਬੀ ਜਾਂ ਗੱਡੀ ਸਰਵਿਸਿੰਗ ਲਈ ਗਈ ਹੋਵੇ ਤਾਂ ਠੇਕੇਦਾਰ/ ਸਰਵਿਸ ਦੇਣ ਵਾਲੇ ਵੱਲੋਂ ਦੂਜੀ ਗੱਡੀ ਮੁਹੱਈਆਂ ਕਰਵਾਈ ਜਾਵੇਗੀ।

19. ਸਬੰਧਤ ਅਫਸਰ/ ਅਧਿਕਾਰੀ ਵੱਲੋਂ ਮੰਗ ਕੀਤੇ ਜਾਣ ਤੇ ਮਿੱਥੇ ਸਮੇਂ ਦੌਰਾਨ ਗੱਡੀ ਨਾਂ ਭੇਜਣ ਤੇ ਜਾਂ ਗੱਡੀ ਭੇਜਣ ਵਿੱਚ ਕਿਸੇ ਕਿਸਮ ਦੀ ਦੇਰੀ ਦੀ ਸੂਰਤ ਵਿੱਚ ਕੀਤੀ ਜਾਣ ਵਾਲੀ ਅਣਗਹਿਲੀ ਲਈ ਜੁਰਮਾਨੇ ਵੱਜੋਂ ਪ੍ਰਤੀ ਅਣਗਹਿਲੀ ਲਈ 1000/- ਰੁਪਏ ਦੀ ਵਸੂਲੀ ਠੇਕੇਦਾਰ/ ਸਰਵਿਸ ਦੇਣ ਵਾਲੇ ਤੋਂ ਕੀਤੀ ਜਾਵੇਗੀ।

20. ਠੇਕੇਦਾਰ/ ਸਰਵਿਸ ਦੇਣ ਵਾਲਾ ਡਰਾਈਵਰ ਨੂੰ ਵਧੀਆ ਸੰਚਾਰ ਕੰਪਨੀ ਦਾ ਮੋਬਾਇਲ ਕੁਨੈਕਸ਼ਨ ਅਤੇ ਚੰਗੀ ਹਾਲਤ ਦਾ ਮੋਬਾਈਲ ਫੋਨ ਮੁਹੱਈਆਂ ਕਰਵਾਏਗਾ।

21. ਠੇਕੇਦਾਰ/ ਸਰਵਿਸ ਦੇਣ ਵਾਲਾ ਗੱਡੀ ਸਬੰਧੀ ਲਾਰੀ ਲਾਗਬੁੱਕ ਮੇਨਟੇਨ ਕਰੇਗਾ।

22. ਸਾਰੀਆਂ ਜਰਨੀਆਂ ਜਿਵੇਂ ਕਿ ਮਿਤੀ, ਜਗ੍ਹਾਂ (ਜਿੱਥੋਂ ਤੋਂ, ਜਿੱਥੇ ਤੱਕ), ਪਹੁੰਚਣ/ ਆਉਣ-ਜਾਣ ਦਾ ਸਮਾਂ, ਸ਼ੁਰੂਆਤ/ ਖਤਮ ਕਿ.ਮੀ. ਰੀਡਿੰਗ ਸਮੇਤ ਚਲਾਏ ਗਏ ਕਿ.ਮੀ., ਮਕਸਦ (ਸਟੋਰ ਵਿੱਚੋਂ ਸਮਾਨ ਲਿਆਉਣ ਜਾਂ ਛੱਡ ਕੇ ਆਉਣ ਸਬੰਧੀ ਲੋੜੀਂਦੀ ਜਾਣਕਾਰੀ), ਸਫਰ ਕਰਨ ਵਾਲੇ ਅਧਿਕਾਰੀ/ ਅਫਸਰ ਦੇ ਦਸਤਖਤ (ਸਮੇਤ ਅਹੁਦਾ) ਆਦਿ ਸਬੰਧੀ ਇੰਦਰਾਜ ਲਾਗ ਬੁੱਕ ਵਿੱਚ ਹੋਣਾ ਚਾਹੀਦਾ ਹੈ।

23. ਲਾਗ ਬੁੱਕ ਮੁਤਾਬਿਕ ਮਹੀਨਾਵਾਰ ਅਦਾਇਗੀ RTGS/NEFT/Online banking ਰਾਹੀ ਕੀਤੀ ਜਾਵੇਗੀ ਜੋ ਕਿ ਸਫਰ ਕਰਨ ਵਾਲੇ ਅਧਿਕਾਰੀ/ ਅਫਸਰ ਵੱਲੋਂ ਤਸਦੀਕ ਕੀਤੀ ਹੋਵੇਗੀ ਅਤੇ ਕਿਸੇ ਕਿਸਮ ਦੀ ਐਡਵਾਂਸ ਅਦਾਇਗੀ ਕਾਰਪੋਰੇਸ਼ਨ ਵੱਲੋਂ ਨਹੀਂ ਕੀਤੀ ਜਾਵੇਗੀ।

24. Variation of 05 Paisa for cars and 08 paisa for other vehicles, for every Rs. 1/- variable in diesel cost, taking the base rate of diesel mentioned on page No.9 (marked #)in corporate transport policy of PSTCL (uploaded on pstcl website **i.e. pstcl.org**), shall be applicable on actual kilometers run, effective from 1st day of subsequent month

25. ਠੇਕੇਦਾਰ/ ਸਰਵਿਸ ਦੇਣ ਵਾਲੇ/ ਕਾਰਪੋਰੇਸ਼ਨ ਵੱਲੋਂ ਟੈਕਸ/GST ਸਮੇਂ-ਸਮੇਂ ਸਿਰ ਭਾਰਤ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਿਕ ਲਾਗੂ ਰੇਟਾਂ ਦੇ ਹਿਸਾਬ ਨਾਲ ਭਰਿਆ ਜਾਵੇਗਾ।

26. ਜੇਕਰ ਠੇਕੇਦਾਰ/ ਸਰਵਿਸ ਦੇਣ ਵਾਲੇ ਦੀਆਂ ਸੇਵਾਵਾਂ ਤਸੱਲੀਬਖਸ਼ ਨਹੀਂ ਪਾਈਆਂ ਜਾਂਦੀਆਂ ਤਾਂ ਕੰਟਰੈਕਟ 15 ਦਿਨਾਂ ਦਾ ਨੋਟਿਸ ਦੇ ਕੇ ਖਤਮ ਕੀਤਾ ਜਾ ਸਕਦਾ ਹੈ।

27. ਜੇਕਰ ਕੰਟਰੈਕਟ ਦੇ ਸਬੰਧ ਵਿੱਚ ਠੇਕੇਦਾਰ/ ਸਰਵਿਸ ਦੇਣ ਵਾਲੇ ਅਤੇ ਕਾਰਪੋਰੇਸ਼ਨ ਵਿਚਕਾਰ ਕੋਈ ਕਿਸੇ ਵੀ ਕਿਸਮ ਦਾ ਝਗੜਾ, ਅੰਤਰ ਆਦਿ ਪਾਇਆ ਜਾਂਦਾ ਹੈ ਤਾਂ ਉਹ ਵਰਕ ਰੈਗੂਲੇਸ਼ਨ 1997 ਵਿੱਚ ਸਮੇਂ-ਸਮੇਂ ਨਾਲ ਹੋਈਆਂ ਸੋਧਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਰਬਿਟਰੇਸ਼ਨ ਕਲਾਜ ਮੁਤਾਬਿਕ ਆਰਬਿਟਰੇਸ਼ਨ ਲਈ ਜਾ ਸਕਦਾ ਹੈ।

28. In case of lockdown or any other such type of situation, the rate of extra kilometers will be charged (recovered) for less Kilometers run from the monthly minimum Kilometers.

29. ਜੇਕਰ ਭਵਿੱਖ ਵਿੱਚ ਭਾਰਤ ਸਰਕਾਰ ਵੱਲੋਂ ਡੀਜ਼ਲ ਵਾਹਨ ਬੰਦ ਕੀਤੇ ਜਾਂਦੇ ਹਨ, ਤਾਂ ਠੇਕੇਦਾਰ ਉਸਦੇ ਬਦਲ ਵਿੱਚ ਉਹੀ ਡੀਜ਼ਲ ਰੇਟ ਅਤੇ ਉਹੀ ਨਿਯਮ ਅਤੇ ਸ਼ਰਤਾਂ ਪੁਰਾਣੇ ਵਾਹਨ ਦੇ ਬਰਾਬਰ ਪੈਟਰੋਲ ਵਾਹਨ ਦਫਤਰ ਨੂੰ ਮੁਹੱਈਆ ਕਰਵਾਏਗਾ।

30. Corporate transport policy amended time to time ਮੁਤਾਬਕ ਜਾਰੀ ਹਦਾਇਤਾਂ ਲਾਗੂ ਰਹਿਣਗੀਆਂ।

ਅ) <u>ਪੇਸ਼ਗੀ ਰਕਮ</u>:-

**E.M.D. (Rs. 15000/- ਪੰਦਰਾ ਹਜਾਰ ਰੁਪਏ)** ਬੀ ਏ-16 ਜਾਂ ਡਿਮਾਂਡ ਡਰਾਫਟ ਦੇ ਰੂਪ ਵਿੱਚ ਜੋ ਕਿ **"PSTCL"** ਦੇ ਹੱਕ ਵਿੱਚ ਜੋ ਕਿ ਸੰਗਰੂਰ ਵਿਖੇ ਅਦਾਇਗੀ ਯੋਗ ਹੋਵੇਗਾ । ਬਿਨਾਂ ਪੇਸ਼ਗੀ ਰਕਮ ਕੁਟੇਸ਼ਨਾਂ ਨਹੀਂ ਲਈਆਂ ਜਾਣਗੀਆਂ। ਜਿਸ ਠੇਕੇਦਾਰ ਨੂੰ ਠੇਕਾ ਮਿਲੇਗਾ ਉਸ ਦੀ ਪੇਸ਼ਗੀ ਰਕਮ ਤਸੱਲੀਬਖਸ਼ ਇੱਕ ਸਾਲ ਦਾ ਠੇਕਾ ਪੂਰਾ ਹੋਣ ਉਪਰੰਤ ਵਾਪਿਸ ਕਰ ਦਿੱਤੀ ਜਾਵੇਗੀ ਅਤੇ ਬਾਕੀ ਠੇਕੇਦਾਰ (ਜਿਨ੍ਹਾਂ ਨੂੰ ਠੇਕਾ ਨਹੀਂ ਮਿਲੇਗਾ) ਦੀ ਪੇਸ਼ਗੀ ਰਕਮ ਠੇਕਾ ਅਲਾਟ/ ਮਿਲਣ ਦੀ ਮਿਤੀ ਤੋਂ 1 ਮਹੀਨੇ

